# ਪਾਬੰਦੀਆਂ ਵਾਲੇ ਹਸਪਤਾਲ ਆਰਡਰ (ਆਦੇਸ਼) ਨਾਲ ਹਸਪਤਾਲ ਵਿੱਚ ਦਾਖ਼ਲਾ ਹੋਣਾ

(ਮੈਂਟਲ ਹੈਲਥ ਐਕਟ (ਮਾਨਸਿਕ ਸਿਹਤ ਬਾਰੇ ਕਾਨੂੰਨ) 1983 ਦਾ ਸੈਕਸ਼ਨ 37 ਅਤੇ 41)

| | |
|---|---|
| 1. ਮਰੀਜ਼ ਦਾ ਨਾਂਅ | |
| 2. ਤੁਹਾਡੀ ਦੇਖਭਾਲ ਲਈ ਜ਼ਿੰਮੇਵਾਰ ਵਿਅਕਤੀ ਦਾ ਨਾਂਅ (ਤੁਹਾਡਾ "ਜ਼ਿੰਮੇਵਾਰ ਕਲਿੱਨੀਸ਼ੀਅਨ") | |
| 3. ਹਸਪਤਾਲ ਅਤੇ ਵਾਰਡ ਦਾ ਨਾਂਅ | |
| 4. ਤੁਹਾਡੇ ਹਸਪਤਾਲ ਆਰਡਰ ਦੀ ਤਾਰੀਖ਼ | |

## ਮੈਂ ਹਸਪਤਾਲ ਵਿੱਚ ਕਿਉਂ ਹਾਂ ?

ਤੁਹਾਨੂੰ ਇਸ ਹਸਪਤਾਲ ਵਿੱਚ ਅਦਾਲਤ ਦੇ ਆਰਡਰ (ਆਦੇਸ਼) ਤਹਿਤ ਰੱਖਿਆ ਜਾ ਰਿਹਾ ਹੈ। ਅਦਾਲਤ ਨੇ ਕਿਹਾ ਹੈ ਕਿ ਤੁਹਾਨੂੰ ਇੱਥੇ 1983 ਦੇ ਮਾਨਸਿਕ ਸਿਹਤ ਦੇ ਸੈਕਸ਼ਨ 37 ਤਹਿਤ ਰੱਖਿਆ ਜਾ ਸਕਦਾ ਹੈ।

ਇਸ ਨੂੰ ਇੱਕ "ਹਸਪਤਾਲ ਆਰਡਰ" ਕਿਹਾ ਜਾਂਦਾ ਹੈ। ਇਸ ਦਾ ਮਤਲਬ ਹੈ, ਕਿ ਦੋ ਡਾਕਟਰਾਂ ਨੇ ਅਦਾਲਤ ਨੂੰ ਦੱਸਿਆ ਹੈ ਕਿ ਉਨ੍ਹਾਂ ਦੀ ਰਾਇ ਵਿੱਚ ਤੁਹਾਨੂੰ ਮਾਨਸਿਕ ਵਿਗਾੜ ਹੈ ਅਤੇ ਤੁਹਾਡਾ ਹਸਪਤਾਲ ਵਿੱਚ ਰਹਿਣਾ ਜ਼ਰੂਰੀ ਹੈ।

ਜਨਤਾ ਦੀ ਸੁਰੱਖਿਆ ਦੇ ਕਾਰਣਾਂ ਕਰਕੇ ਅਦਾਲਤ ਨੇ  ਮੈਂਟਲ ਹੈਲਥ ਐਕਟ (ਮਾਨਸਿਕ ਸਿਹਤ ਦੇ ਕਾਨੂੰਨ) ਦੇ ਸੈਕਸ਼ਨ 41 ਤਹਿਤ ਤੁਹਾਡੇ ਲਈ ਰੀਸਟ੍ਰੀਕਸ਼ਨ (ਪਾਬੰਦੀ) ਆਰਡਰ ਵੀ ਦਿੱਤਾ ਹੈ।

## ਰਿਸਟ੍ਰੀਕਸ਼ਨ ਆਰਡਰ (ਪਾਬੰਦੀ ਦਾ ਆਦੇਸ਼) ਕੀ ਹੈ ?

ਰਿਸਟ੍ਰੀਕਸ਼ਨ ਆਰਡਰ ਦਾ ਮਤਲਬ ਹੈ ਕਿ ਤੁਹਾਨੂੰ ਉਦੋਂ ਤਕ ਹਸਪਤਾਲ ਤੋਂ ਛੁੱਟੀ ਨਹੀਂ ਦਿੱਤੀ ਜਾ ਸਕਦੀ ਜਦੋਂ ਤਕ ਨਿਆਂ ਬਾਰੇ ਮੰਤਰੀ (ਸੈਕ੍ਰੇਟਰੀ ਆਫ਼ ਸਟੇਟ ਫ਼ਾਰ ਜਸਟਿਸ) ਜਾਂ ਇੱਕ ਟ੍ਰਿਬਿਊਨਲ ਇਹ ਨਹੀਂ ਕਹਿੰਦਾ ਕਿ ਤੁਸੀਂ ਇੱਥੋਂ ਜਾ ਸਕਦੇ ਹੋ ਅਤੇ ਤੁਹਾਨੂੰ ਇੱਥੋਂ ਛੁੱਟੀ ਦੇਣ ਲਈ ਕੁਝ ਸ਼ਰਤਾਂ ਵੀ ਹਨ, ਜੋ ਤੁਹਾਡੇ ਉਸ ਸਮੇਂ ਦੇ ਨੇੜੇ ਪੁੱਜਣ ਤੇ ਸਮਝਾਈਆਂ ਜਾਣਗੀਆਂ। ਜਦੋਂ ਤੁਸੀਂ ਹਸਪਤਾਲ ਵਿੱਚ ਹੋ ਤੁਹਾਡੀ ਦੇਖਭਾਲ ਲਈ ਜ਼ਿੰਮੇਵਾਰ ਵਿਅਕਤੀ (ਤੁਹਾਡਾ ਜ਼ਿੰਮੇਵਾਰ ਕਲਿੱਨੀਸ਼ੀਅਨ) ਨੂੰ ਤੁਹਾਨੂੰ ਆਰਜ਼ੀ ਤੌਰ ਤੇ ਛੁੱਟੀ ਦੇਣ ਲਈ ਜਾਂ ਕਿਸੇ ਹੋਰ ਹਸਪਤਾਲ ਵਿੱਚ ਭੇਜਣ ਲਈ, ਨਿਆਂ ਮੰਤਰੀ ਤੋਂ ਸਹਿਮਤੀ ਪੱਤਰ ਲੈਣਾ ਜ਼ਰੂਰੀ ਹੈ। ਉਹ ਤੁਹਾਡਾ ਮੁਆਇਨਾ ਵੀ ਕਰਨਗੇ ਅਤੇ ਤੁਹਾਡੇ ਬਾਰੇ ਘੱਟੋ ਘੱਟ ਸਾਲ ਵਿੱਚ ਇੱਕ ਰਿਪੋਰਟ ਵੀ ਮੰਤਰੀ ਨੂੰ ਭੇਜਣਗੇ।

## ਮੈਨੂੰ ਇੱਥੇ ਕਿੰਨੀ ਦੇਰ ਰਹਿਣਾ ਪਏਗਾ ?

ਜਦੋਂ ਉਹ ਸੋਚਣਗੇ ਕਿ ਤੁਸੀਂ ਹਸਪਤਾਲ ਛੱਡਣ ਲਈ ਕਾਫੀ ਠੀਕ ਹੋ ਤਾਂ ਤੁਹਾਡਾ ਜ਼ਿੰਮੇਵਾਰ ਕਲਿੱਨੀਸ਼ੀਅਨ ਤੁਹਾਨੂੰ ਦੱਸ ਦੇਵੇਗਾ। ਉਦੋਂ ਉਹ ਨਿਆਂ ਮੰਤਰੀ ਦੀ ਸਹਿਮਤੀ ਦੇਣ ਲਈ ਕਹਿਣਗੇ। ਜਦੋਂ ਨਿਆਂ ਮੰਤਰੀ ਸਹਿਮਤ ਨਹੀਂ ਹੋਏਗਾ, ਤੁਸੀਂ ਹਸਪਤਾਲ ਛੱਡ ਕੇ ਨਹੀਂ ਜਾ ਸਕਦੇ। ਜੇ ਤੁਸੀਂ ਇਸ ਤੋਂ ਪਹਿਲਾਂ ਇੱਥੋਂ ਜਾਣ ਦੀ ਕੋਸ਼ਿਸ਼ ਕੀਤੀ ਤਾਂ ਸਟਾਫ਼ ਤੁਹਾਨੂੰ ਰੋਕ ਸਕਦਾ ਹੈ ਅਤੇ ਜੇ ਤੁਸੀਂ ਚਲੇ ਜਾਂਦੇ ਹੋ ਤਾਂ ਤੁਹਾਨੂੰ ਵਾਪਸ ਵੀ ਲਿਆਂਦਾ ਜਾ ਸਕਦਾ ਹੈ।

## ਮੇਰਾ ਕਿਹੜਾ ਇਲਾਜ ਕੀਤਾ ਜਾਏਗਾ ?

ਤੁਹਾਡਾ ਜ਼ਿੰਮੇਵਾਰ ਕਲਿਨੀਸ਼ੀਅਨ ਅਤੇ ਹਸਪਤਾਲ ਦਾ ਹੋਰ ਸਟਾਫ਼ ਤੁਹਾਡੇ ਨਾਲ ਉਸ ਇਲਾਜ ਬਾਰੇ ਗੱਲਬਾਤ ਕਰਨਗੇ, ਜਿਸਦੀ ਤੁਹਾਨੂੰ ਤੁਹਾਡੇ ਮਾਨਸਿਕ ਵਿਕਾਰ ਬਾਰੇ ਦੇਣ ਦੀ ਜ਼ਰੂਰਤ ਹੈ। ਪਰ ਬਹੁਤੀ ਵਾਰ ਤੁਹਾਨੂੰ ਉਨ੍ਹਾਂ ਦੀ ਸਲਾਹ ਮੰਨਣੀ ਹੀ ਪਏਗੀ।

ਤਿੰਨ ਮਹੀਨਿਆਂ ਬਾਅਦ, ਤੁਹਾਨੂੰ ਤੁਹਾਡੇ ਮਾਨਸਿਕ ਵਿਕਾਰ ਬਾਰੇ ਜੋ ਦਵਾਈਆਂ ਜਾਂ ਡਰਗੱਸ ਦਿੱਤੀਆਂ ਜਾ ਰਹੀਆਂ ਹਨ, ਉਨ੍ਹਾਂ ਬਾਰੇ ਵਿਸ਼ੇਸ਼ ਨੇਮ ਹਨ। ਜੇ ਤੁਸੀਂ ਦਵਾਈਆਂ ਜਾਂ ਡਰੱਗਸ ਲੈਣਾ ਨਹੀਂ ਚਾਹੁੰਦੇ ਜਾਂ ਤੁਸੀਂ ਇਹ ਕਹਿਣ ਲਈ ਵੀ ਕਿ ਕੀ ਤੁਹਾਨੂੰ ਉਨ੍ਹਾਂ ਦਵਾਈਆਂ ਦੀ ਜ਼ਰੂਰਤ ਹੈ ਕਿ ਨਹੀਂ, ਬਹੁਤ ਬੀਮਾਰ ਹੋ, ਤਾਂ ਇੱਕ ਡਾਕਟਰ ਜੋ ਇਸ ਹਸਪਤਾਲ ਦਾ ਨਹੀਂ ਤੁਹਾਡੇ ਕੋਲ ਆਏਗਾ। ਉਹ ਖੁਦਮੁਖ਼ਤਾਰ ਡਾਕਟਰ ਤੁਹਾਡੇ ਅਤੇ ਹਸਪਤਾਲ ਦੇ ਸਟਾਫ਼ ਨਾਲ ਜੋ ਤੁਹਾਨੂੰ ਜਾਣਦੇ ਹਨ, ਨਾਲ ਗੱਲਬਾਤ ਕਰੇਗਾ। ਉਹ ਖੁਦਮੁਖ਼ਤਾਰ ਡਾਕਟਰ ਫੈਸਲਾ ਕਰੇਗਾ, ਕਿ ਤੁਹਾਨੂੰ ਕਿਹੜੀਆਂ ਦਵਾਈਆਂ ਅਤੇ ਡਰੱਗਸ ਦਿੱਤੀਆਂ ਜਾ ਸਕਦੀਆਂ ਹਨ। ਜਦ ਤਕ ਕੋਈ ਐਮਰਜੈਂਸੀ ਨਾ ਹੋਵੇ, ਤੁਹਾਨੂੰ ਤੁਹਾਡੀ ਸਹਿਮਤੀ ਬਿਨਾਂ ਸਿਰਫ ਉਹੀ ਦਵਾਈਆਂ ਅਤੇ ਡਰੱਗਸ ਤੁਹਾਨੂੰ ਦਿੱਤੀਆਂ ਜਾ ਸਕਦੀਆ ਹਨ।

ਇਸ ਖੁਦਮੁਖ਼ਤਾਰ ਡਾਕਟਰ ਨੂੰ SOAD (ਦੂਜੀ ਰਾਇ ਲਈ ਨਿਯੁਕਤ ਡਾਕਟਰ) ਕਿਹਾ ਜਾਂਦਾ ਹੈ ਅਤੇ ਉਸਨੂੰ ਇੱਕ ਸੁਤੰਤਰ ਕਮਿਸ਼ਨ, ਜੋ ਇਸ ਗੱਲ ਦੀ ਨਿਗਰਾਨੀ ਕਰਦਾ ਹੈ ਕਿ ਮੈਂਟਲ ਹੈਲਥ ਐਕਟ (ਮਾਨਸਿਕ ਸਿਹਤ ਬਾਰੇ ਕਾਨੂੰਨ) ਦਾ ਇਸਤੇਮਾਲ ਕਿਸ ਤਰ੍ਹਾਂ ਕੀਤਾ ਗਿਆ ਹੈ, ਵਲੋਂ ਨਿਯੁਕਤ ਕੀਤਾ ਗਿਆ ਹੈ।

ਕੁਝ ਵਿਸ਼ੇਸ਼ ਇਲਾਜਾਂ, ਜਿਵੇਂ ਕਿ ਇਲੈਕਟ੍ਰੋ-ਕਨਵਲਸਿਵ (ਬਿਜਲੀ ਦੇ ਜ਼ੋਰਦਾਰ ਝਟਕੇ) (53") ਥੈਰੇਪੀ ਲਈ ਵੱਖਰੇ ਨੇਮ ਹਨ। ਜੇ ਸਟਾਫ਼ ਇਹ ਸੋਚਦਾ ਹੈ, ਕਿ ਤੁਹਾਨੂੰ ਇਨ੍ਹਾਂ ਵਿਸ਼ੇਸ਼ ਇਲਾਜਾਂ ਵਿੱਚੋਂ ਇੱਕ ਦੀ ਜ਼ਰੂਰਤ ਹੈ ਤਾਂ ਤੁਹਾਨੂੰ ਨੇਮ ਸਮਝਾ ਦਿੱਤੇ ਜਾਣਗੇ ਅਤੇ ਤੁਹਾਨੂੰ ਕੋਈ ਹੋਰ ਲੀਫ਼ਲੈਟ (ਕਿਤਾਬਚੀ) ਦਿੱਤਾ ਜਾਏਗਾ।

## ਕੀ ਮੈਂ ਅਪੀਲ ਕਰ ਸਕਦਾ / ਸਕਦੀ ਹਾਂ ?

ਹਾਂ। ਤੁਸੀਂ ਅਦਾਲਤ ਨੂੰ ਕੇਸ ਦੀ ਮੁੜ ਜਾਂਚ ਕਰਨ ਲਈ ਕਹਿ ਸਕਦੇ ਹੋ। ਜੇ ਤੁਸੀਂ ਇਹ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਇਹ ਜਲਦੀ ਕਰਨਾ ਚਾਹੀਦਾ ਹੈ ਅਤੇ ਕਿਸੇ ਵਕੀਲ ਨੂੰ ਆਪਣੀ ਸਹਾਇਤਾ ਲਈ ਕਹਿਣਾ ਸਭ ਤੋਂ ਵਧੀਆ ਹੋਏਗਾ। ਹਸਪਤਾਲ ਦੇ ਸਟਾਫ਼ ਨੂੰ ਇਸ ਬਾਰੇ ਪੁੱਛੋ ਅਤੇ ਉਹ ਤੁਹਾਨੂੰ ਇੱਕ ਹੋਰ ਲੀਫ਼ਲੈਟ ਦੇਣਗੇ।

ਤੁਹਾਡੇ ਹਸਪਤਾਲ ਆਰਡਰ ਨੂੰ ਜਾਰੀ ਹੋਇਆ ਛੇ ਮਹੀਨੇ ਹੋ ਜਾਣ ਤੋਂ ਬਾਅਦ ਤੁਸੀਂ ਇੱਕ ਟ੍ਰਿਬਿਊਨਲ ਨੂੰ ਵੀ ਇਹ ਕਹਿਣ ਲਈ ਕਹਿ ਸਕਦੇ ਹੋ, ਕਿ ਤੁਹਾਨੂੰ ਹਸਪਤਾਲ ਵਿੱਚ ਨਹੀਂ ਰੱਖਿਆ ਜਾਣਾ ਚਾਹੀਦਾ।

## ਇੱਕ ਟ੍ਰਿਬਿਉਨਲ ਕੀ ਹੈ ਅਤੇ ਇਸ ਵਿੱਚ ਕੀ ਹੁੰਦਾ ਹੈ ?

ਟ੍ਰਿਬਿਉਨਲ ਇੱਕ ਸੁਤੰਤਰ ਪੈਨਲ (ਵਿਸ਼ੇਸ਼ ਅਦਾਲਤ) ਹੈ, ਜੋ ਇਹ ਫੈਸਲਾ ਕਰ ਸਕਦੀ ਹੈ, ਕਿ ਕੀ ਤੁਹਾਨੂੰ ਹਸਪਤਾਲ ਤੋਂ ਜਾਣ ਦੀ ਆਗਿਆ ਦਿੱਤੀ ਜਾਣੀ ਚਾਹੀਦੀ ਹੈ ਕਿ ਨਹੀਂ। ਇਹ ਤੁਹਾਡੇ ਨਾਲ ਅਤੇ ਹਸਪਤਾਲ ਦੇ ਸਟਾਫ਼ ਜੋ ਤੁਹਾਨੂੰ ਜਾਣਦਾ ਹੈ ਨਾਲ ਇੱਕ ਮੀਟਿੰਗ ਕਰੇਗੀ। ਇਸ ਮੀਟਿੰਗ ਨੂੰ "ਸੁਣਵਾਈ" ਕਿਹਾ ਜਾਂਦਾ ਹੈ। ਜੇ ਤੁਸੀਂ ਚਾਹੁੰਦੇ ਹੋ ਤਾਂ ਕਿਸੇ ਹੋਰ ਨੂੰ ਵੀ ਸੁਣਵਾਈ ਦੌਰਾਨ ਆਪਣੀ ਸਹਾਇਤਾ ਲਈ ਆਉਣ ਲਈ ਕਹਿ ਸਕਦੇ ਹੋ। ਸੁਣਵਾਈ ਤੋਂ ਪਹਿਲਾਂ, ਟ੍ਰਿਬਿਉਨਲ ਦੇ ਮੈਂਬਰ ਤੁਹਾਡੇ ਬਾਰੇ ਅਤੇ ਤੁਹਾਡੀ ਦੇਖਭਾਲ ਬਾਰੇ ਹਸਪਤਾਲ ਦੀਆਂ ਰਿਪੋਰਟਾਂ ਪੜ੍ਹਨਗੇ। ਟ੍ਰਿਬਿਉਨਲ ਦਾ ਇੱਕ ਮੈਂਬਰ ਤੁਹਾਡੇ ਕੋਲ ਗੱਲਬਾਤ ਕਰਨ ਲਈ ਵੀ ਆਏਗਾ।

## ਮੈਂ ਟ੍ਰਿਬਿਉਨਲ ਕੋਲ ਕਦੋਂ ਅਰਜ਼ੀ ਦੇ ਸਕਦਾ / ਸਕਦੀ ਹਾਂ ?

ਤੁਹਾਡੇ ਹਸਪਤਾਲ ਆਰਡਰ ਨੂੰ ਜਾਰੀ ਹੋਇਆ ਛੇ ਮਹੀਨੇ ਹੋ ਚੁੱਕਣ ਤੋਂ ਬਾਅਦ, ਤੁਸੀਂ ਅਗਲੇ ਛੇ ਮਹੀਨਿਆਂ ਦੌਰਾਨ ਟ੍ਰਿਬਿਉਨਲ ਨੂੰ ਇੱਕ ਵਾਰ ਅਰਜ਼ੀ ਦੇ ਸਕਦੇ ਹੋ। ਇਸਤੋਂ ਬਾਅਦ, ਜਿੰਨੀ ਦੇਰ ਲਈ ਤੁਹਾਨੂੰ ਹਸਪਤਾਲ ਵਿੱਚ ਰੱਖਿਆ ਜਾਏ ਤੁਸੀਂ ਹਰ ਸਾਲ ਇੱਕ ਵਾਰ ਅਰਜ਼ੀ ਦੇ ਸਕਦੇ ਹੋ।

ਜੇ ਤੁਸੀਂ ਟ੍ਰਿਬਿਉਨਲ ਨੂੰ ਅਰਜ਼ੀ ਦੇਣਾ ਚਾਹੁੰਦੇ ਹੋ ਤਾਂ ਤੁਸੀਂ ਹੇਠਾਂ ਦੱਸੇ ਤੇ ਲਿਖ ਸਕਦੇ ਹੋ :

The Tribunals Service
PO BOX 8793
5th Floor
Leicester
LE1 8BN ਟੈਲੀਫ਼ੋਨ : 0845 2232022

ਤੁਸੀਂ ਇੱਕ ਵਕੀਲ ਨੂੰ ਤੁਹਾਡੇ ਲਈ ਟ੍ਰਿਬਿਉਨਲ ਨੂੰ ਲਿਖਣ ਲਈ ਅਤੇ ਸੁਣਵਾਈ ਦੌਰਾਨ ਤੁਹਾਡੀ ਸਹਾਇਤਾ ਕਰਨ ਲਈ ਕਹਿ ਸਕਦੇ ਹੋ। ਹਸਪਤਾਲ ਅਤੇ ਲਾਅ ਸੁਸਾਇਟੀ ਕੋਲ ਉਨ੍ਹਾਂ ਵਕੀਲਾਂ ਦੀ ਇੱਕ ਸੂਚੀ ਹੈ, ਜੋ ਇਸ ਬਾਰੇ ਵਿਸ਼ੇਸ਼ੱਗ ਹਨ। ਤੁਹਾਨੂੰ ਇਸ ਕੰਮ ਲਈ ਵਕੀਲ ਤੋਂ ਲਈ ਸਹਾਇਤਾ ਲਈ ਕੋਈ ਰਕਮ ਅਦਾ ਨਹੀਂ ਕਰਨੀ ਪਏਗੀ। ਇਹ ਕਾਨੂੰਨੀ ਸਹਾਇਤਾ ਸਕੀਮ (Legal Aid scheme) ਤਹਿਤ ਮੁਫ਼ਤ ਹੈ।

## ਤੁਹਾਡੀਆਂ ਚਿੱਠੀਆਂ

ਜਦੋਂ ਤੁਸੀਂ ਹਸਪਤਾਲ ਵਿੱਚ ਹੋ, ਤੁਹਾਨੂੰ ਭੇਜੀਆਂ ਗਈਆਂ ਸਭ ਚਿੱਠੀਆਂ ਤੁਹਾਨੂੰ ਦਿੱਤੀਆਂ ਜਾਣਗੀਆਂ। ਤੁਸੀਂ ਸਿਵਾਏ ਉਨ੍ਹਾਂ ਦੇ ਜਿਨ੍ਹਾਂ ਨੇ ਕਿਹਾ ਹੈ ਕਿ ਉਹ ਤੁਹਾਡੇ ਵਲੋਂ ਚਿੱਠੀਆਂ ਨਹੀਂ ਚਾਹੁੰਦੇ, ਕਿਸੇ ਨੂੰ ਵੀ ਚਿੱਠੀਆਂ ਭੇਜ ਸਕਦੇ ਹੋ। ਹਸਪਤਾਲ ਦਾ ਸਟਾਫ਼ ਇਨ੍ਹਾਂ ਲੋਕਾਂ ਨੂੰ ਚਿੱਠੀ ਲਿਖਣਾ ਬੰਦ ਵੀ ਕਰ ਸਕਦਾ ਹੈ।

## ਪ੍ਰੈਕਟਸ ਦਾ ਜ਼ਾਬਤਾ

ਪ੍ਰੈਕਟਸ ਦਾ ਇੱਕ ਜ਼ਾਬਤਾ ਹੈ, ਜਿਸ ਨਾਲ ਮੈਂਟਲ ਹੈਲਥ ਐਕਟ (ਮਾਨਸਿਕ ਸਿਹਤ ਬਾਰੇ ਕਾਨੂੰਨ) ਅਤੇ ਮਾਨਸਿਕ ਗੜਬੜੀ ਵਾਲੇ ਲੋਕਾਂ ਦੇ ਇਲਾਜ ਕਰਨ ਬਾਰੇ ਹਸਪਤਾਲ ਦੇ ਸਟਾਫ਼ ਨੂੰ ਸਲਾਹ ਦਿੱਤੀ ਜਾਂਦੀ ਹੈ। ਸਟਾਫ਼ ਜਦੋਂ ਤੁਹਾਡੀ ਦੇਖਭਾਲ ਬਾਰੇ ਫੈਸਲੇ ਕਰਦਾ ਹੈ, ਤਾਂ ਉਨ੍ਹਾਂ ਨੂੰ ਇਹ ਵੇਖਣਾ ਪੈਂਦਾ ਹੈ ਕਿ ਜ਼ਾਬਤਾ ਇਸ ਬਾਰੇ ਕੀ ਕਹਿੰਦਾ ਹੈ। ਜੇ ਤੁਸੀਂ ਚਾਹੋ ਤਾਂ ਤੁਸੀਂ ਇਸ ਦੀ ਇੱਕ ਕਾਪੀ ਵੇਖ ਸਕਦੇ ਹੋ।

## ਮੈਂ ਸ਼ਿਕਾਇਤ ਕਿਸ ਤਰ੍ਹਾਂ ਕਰਾਂ ?

ਜੇ ਤੁਸੀਂ ਹਸਪਤਾਲ ਵਿੱਚ ਹੋ ਰਹੀ ਆਪਣੀ ਦੇਖਭਾਲ ਅਤੇ ਇਲਾਜ ਸੰਬੰਧੀ ਕਿਸੇ ਗੱਲ ਬਾਰੇ ਸ਼ਿਕਾਇਤ ਕਰਨੀ ਚਾਹੁੰਦੇ ਹੋ ਤਾਂ ਸਟਾਫ਼ ਦੇ ਕਿਸੇ ਮੈਂਬਰ ਨਾਲ ਗੱਲ ਕਰੋ। ਹੋ ਸਕਦਾ ਹੈ, ਕਿ ਉਹ ਮਾਮਲੇ ਨੂੰ ਸੁਲਝਾ ਲੈਣ। ਉਹ ਤੁਹਾਨੂੰ ਹਸਪਤਾਲ ਦੇ ਸ਼ਿਕਾਇਤ ਕਰਨ ਦੇ ਅਮਲ ਬਾਰੇ ਵੀ ਜਾਣਕਾਰੀ ਦੇ ਸਕਦੇ ਹਨ ਜਿਸਨੂੰ ਤੁਸੀਂ ਆਪਣੀ ਸ਼ਿਕਾਇਤ ਨੂੰ ਸੁਲਝਾਣ ਲਈ, ਜਿਸਨੂੰ ਸਥਾਨਕ ਮਤਾ ਕਹਿੰਦੇ ਹਨ, ਰਾਹੀਂ ਇਸਤੇਮਾਲ ਕਰਨ ਦੀ ਕੋਸ਼ਿਸ਼ ਕਰ ਸਕਦੇ ਹੋ। ਉਹ ਤੁਹਾਨੂੰ ਉਨ੍ਹਾਂ ਹੋਰ ਲੋਕਾਂ ਬਾਰੇ ਵੀ ਦੱਸ ਸਕਦੇ ਹਨ, ਜੋ ਤੁਹਾਨੂੰ ਸ਼ਿਕਾਇਤ ਕਰਨ ਵਿੱਚ ਸਹਾਇਤਾ ਕਰ ਸਕਦੇ ਹਨ।

ਜੇ ਤੁਸੀਂ ਮਹਿਸੂਸ ਕਰਦੇ ਹੋ, ਕਿ ਹਸਪਤਾਲ ਦਾ ਸ਼ਿਕਾਇਤਾਂ ਦਾ ਅਮਲ ਤੁਹਾਡੀ ਸਹਾਇਤਾ ਨਹੀਂ ਕਰ ਸਕਦਾ ਤਾਂ ਤੁਸੀਂ ਇੱਕ ਸੁਤੰਤਰ ਕਮਿਸ਼ਨ ਕੋਲ ਵੀ ਸ਼ਿਕਾਇਤ ਕਰ ਸਕਦੇ ਹੋ। ਕਮਿਸ਼ਨ ਇਹ ਯਕੀਨੀ ਬਣਾਉਣ ਲਈ ਕਿ 1983 ਦਾ ਮੈਂਟਲ ਹੈਲਥ ਐਕਟ (ਮਾਨਸਿਕ ਸਿਹਤ ਬਾਰੇ ਕਾਨੂੰਨ) ਦਾ ਇਸਤੇਮਾਲ ਠੀਕ ਤਰ੍ਹਾਂ ਹੋਵੇ, ਅਤੇ ਮਰੀਜ਼ ਜਿੰਨੀ ਦੇਰ ਹਸਪਤਾਲ ਵਿੱਚ ਹੋਣ, ਉਨ੍ਹਾਂ ਦੀ ਦੇਖਭਾਲ ਸਹੀ ਢੰਗ ਨਾਲ ਹੋਵੇ, ਇਹ ਨਿਗਰਾਨੀ ਕਰਦਾ ਹੈ ਕਿ ਇਸ ਕਾਨੂੰਨ ਦਾ ਇਸਤੇਮਾਲ ਕਿਸ ਤਰ੍ਹਾਂ ਕੀਤਾ ਜਾਂਦਾ ਹੈ। ਹਸਪਤਾਲ ਦਾ ਸਟਾਫ਼ ਤੁਹਾਨੂੰ ਇੱਕ ਲੀਫ਼ਲੈਟ ਦੇ ਸਕਦੇ ਹਨ, ਜਿਸ ਵਿੱਚ ਦੱਸਿਆ ਗਿਆ ਹੈ, ਕਿ ਕਮਿਸ਼ਨ ਨਾਲ ਸੰਪਰਕ ਕਿਵੇਂ ਕਰਨਾ ਹੈ।

### ਹੋਰ ਵੱਧ ਸਹਾਇਤਾ ਲਈ ਜਾਣਕਾਰੀ

ਜੇ ਤੁਹਾਡੀ ਦੇਖਭਾਲ ਅਤੇ ਇਲਾਜ ਬਾਰੇ ਕੋਈ ਅਜਿਹੀ ਗੱਲ ਹੈ, ਜੋ ਤੁਹਾਨੂੰ ਸਮਝ ਨਹੀਂ ਆ ਰਹੀ ਤਾਂ ਸਟਾਫ਼ ਦਾ ਇੱਕ ਮੈਂਬਰ ਤੁਹਾਡੀ ਸਹਾਇਤਾ ਕਰਨ ਦੀ ਕੋਸ਼ਿਸ਼ ਕਰੇਗਾ। ਜੇ ਇਸ ਲੀਫ਼ਲੈਟ ਵਿੱਚ ਕੁਝ ਅਜਿਹਾ ਹੋਵੇ, ਜੋ ਤੁਹਾਡੀ ਸਮਝ ਵਿੱਚ ਨਹੀਂ ਆ ਰਿਹਾ ਜਾਂ ਤੁਹਾਡੇ ਕੋਈ ਹੋਰ ਸਵਾਲ ਹਨ, ਜਿਨ੍ਹਾਂ ਦੇ ਜਵਾਬ ਇਸ ਲੀਫ਼ਲੈਟ ਵਿੱਚ ਨਹੀਂ ਦਿੱਤੇ ਗਏ, ਤਾਂ ਕਿਰਪਾ ਕਰਕੇ ਸਟਾਫ਼ ਦੇ ਇੱਕ ਮੈਂਬਰ ਨੂੰ ਸਮਝਾਉਣ ਲਈ ਕਹੋ।

ਜੇ ਤੁਹਾਨੂੰ ਲੀਫ਼ਲੈਟ ਦੀ ਇੱਕ ਹੋਰ ਕਾਪੀ ਕਿਸੇ ਹੋਰ ਲਈ ਚਾਹੀਦੀ ਹੋਵੇ, ਤਾਂ ਕਿਰਪਾ ਕਰਕੇ ਕੇ ਉਸ ਲਈ ਕਹੋ।